# ਭਾਗ 2:

# ਸਾਡੇ ਲਈ ਖ਼ੁਦਾ ਦਾ ਸੰਦਰਭ

ਜੇ ਅਸੀਂ ਕਿਸੇ ਵੱਡੀ ਤਸਵੀਰ ਤੋਂ ਜਿਸ ਨੂੰ ਅਸੀਂ ''ਹਕੀਕਤ'' ਦਾ ਨਾਂਅ ਦਿੰਦੇ ਹਾਂ ਤਾਂ ਸਾਨੂੰ ਉਹਦੀ ਹਰ ਗੱਲ ਦੀ ਵਿਆਖਿਆ ਕਰਨੀ ਪਵੇਗੀ। ਅਸੀਂ ਉੱਥੋਂ ਹੀ ਸ਼ੁਰੂ ਕਰ ਸਕਦੇ ਹਾਂ ਜਿੱਥੇ ਅਸੀਂ ਪਹਿਲਾ ਭਾਗ ਖਤਮ ਕੀਤਾ ਸੀ। ਉੱਥੇ ਅਸੀਂ ਖ਼ੁਦਾ ਦੀ ਮਹੱਤਤਾ ਦੀ ਖੋਜ ਕੀਤੀ ਸੀ ਜੋ ਹਰ ਥਾਂ ਹੈ, ਜੋ ਸਭ ਕੁਝ ਜਾਣਦਾ ਹੈ ਅਤੇ ਸਭ ਤੋਂ ਸ਼ਕਤੀਸ਼ਾਲੀ ਹੈ। ਇਹ ਸਭ ਖ਼ੁਦਾ ਭਾਵ ਆਤਮਾ ਦੇ ਸਾਰ ਦੇ ਬੁਨਿਆਦੀ ਤੱਤ ਹਨ।

ਅਸੀਂ ਖ਼ੁਦਾ ਦੇ ਸੁਭਾਅ ਤੋਂ ਮਿਲਣ ਵਾਲੇ ਕੁਝ ਨਤੀਜਿਆਂ ਤੇ ਵੀ ਸੰਖੇਪ ਵਿਚ ਗੱਲ ਕੀਤੀ ਸੀ। ਹੁਣ ਅਸੀਂ ਇਸੇ ਵਿਚਾਰ ਨੂੰ ਲੈ ਕੇ ਕੁਝ ਹੋਰ ਵਿਸਤਾਰ ਨਾਲ ਗੱਲ ਕਰਾਂਗੇ। ਇਹ ਹੋਣਾ ਵੀ ਚਾਹੀਦਾ ਹੈ, ਵਰਨਾ ਅਸੀਂ ਖ਼ੁਦਾ ਨੂੰ ਕਿਸੇ ਤਰ੍ਹਾਂ ਦੀ ਪਰੋਪਕਾਰੀ, ਦੂਰ ਦੀ, ਨਿਰੰਕਾਰੀ ''ਸ਼ਕਤੀ'' ਸਮਝਣ ਲੱਗਾਂਗੇ। ਯਕੀਨਨ ਹੀ ਸਭ ਤੋਂ ਬੁੱਧਵਾਨ ਖ਼ੁਦਾ ਨੂੰ ਇਸ ਮੁਸ਼ਕਿਲ ਦਾ ਪਤਾ ਸੀ ਅਤੇ ਉਸਨੇ ਆਪਣੇ ਬਾਰੇ ਸਾਨੂੰ ਹੋਰ ਗਿਆਨ ਦੇਣ ਲਈ ਕੰਮ ਕੀਤਾ। ਜੋ ਕੰਮ ਉਹਨੇ ਕੀਤਾ ਇਸ ਭਾਗ ਦੇ ਸਿਰਲੇਖ ''ਸਾਡੇ ਲਈ ਖ਼ੁਦਾ ਦਾ ਸੰਦਰਭ'' ਦੇ ਦਾਇਰੇ ਵਿਚ ਆਉਂਦਾ ਹੈ।

ਇਸ ਲਈ ਖ਼ੁਦਾ ਦੇ ਸੰਦਰਭ ਦੀ ਗੱਲ ਕਰਨ ਵੇਲੇ ਅਸੀਂ ਇਸ ਉਲਝਣ ਵਿਚ ਨਹੀਂ ਪੈਣਾ ਚਾਹੁੰਦੇ ਕਿ ਉਹ ਵਜੂਦ ਵਿਚ ਕਿਵੇਂ ਆਇਆ। ਉਸਦਾ ਵਜੂਦ ਤਾਂ ਹਮੇਸ਼ਾ ਤੋਂ ਹੈ। ਬਲਕਿ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਕਿ *ਹਰ ਚੀਜ਼ ਜਿਸ ਵਿਚ ਅਸੀਂ ਵੀ ਆਉਂਦੇ ਹਾਂ, ਵਜੂਦ ਵਿਚ ਕਿਉਂ ਅਤੇ ਕਿਵੇਂ ਆਈ। ਅਸੀਂ ਅਜਿਹੇ ਕਿਉਂ ਹਾਂ? ਸਾਡਾ ਸੰਸਾਰ ਅਜਿਹਾ ਕਿਉਂ ਹੈ?*

ਇਨ੍ਹਾਂ ਸਵਾਲਾਂ ਦੇ ਜਵਾਬ ਸਾਡੀ ਮਦਦ ਕਿਵੇਂ ਕਰਦੇ ਹਨ? ਸਾਨੂੰ ਅੱਜ ਤੋਂ ਅੱਗੇ ਦੀ ਹੀ ਚਿੰਤਾ ਕਿਉਂ ਕਰਨੀ ਚਾਹੀਦੀ ਹੈ? ਇਸ ਸਭ ਵਿਚ ਖ਼ੁਦਾ ਦੀ ਕੀ ਦਿਲਚਸਪੀ ਹੈ? ਸਾਡੇ ਸਾਹਮਣੇ ਇਹ ਚੁਣੌਤੀ ਬੜਾ ਭਿਆਨਕ ਰੂਪ ਲੈ ਕੇ ਖੜੀ ਹੈ। ਜੇ ਅਸੀਂ ਇਨ੍ਹਾਂ ਅਜਿਹੇ ਮਾਮਲਿਆਂ ਤੇ ਚਿੰਤਾ ਕਰਨ ਤੋਂ ਨਾਂਹ ਕਰਦੇ ਹਾਂ ਤਾਂ ਅਸੀਂ ਸ਼ੱਕ ਵਿਚ ਕਿ ਕਿਸ ਰਾਹ ਜਾਈਏ ਅਤੇ ਉਹ ਰਾਹ ਕਿੱਥੋਂ ਤਕ ''ਜਾਂਦਾ ਹੈ,'' ਆਪਣੇ ਆਪ ਨੂੰ ਉਲਝਣ ਤੋਂ ਬਚਾ ਰੱਖਦੇ ਹਾਂ।

> ਆਦਿ ਵਿਚ ਪਰਮੇਸ਼ੁਰ ਨੇ ਅਕਾਸ਼ ਅਤੇ ਧਰਤੀ ਨੂੰ ਉਤਪੰਨ ਕੀਤਾ। ਧਰਤੀ ਬੇਡੌਲ ਅਤੇ ਸੁੰਵੀ ਸੀ ... ਅਤੇ ਪਰਮੇਸ਼ੁਰ ਦਾ ਆਤਮਾ ਪਾਣੀਆਂ ਉੱਤੇ ਸੇਉਂਦਾ ਸੀ (ਉਤਪਤ 1:1, 2)।

> ਪਰਮੇਸ਼ੁਰ ਨੇ ਜਿਨ ਪਿਛਲਿਆਂ ਸਮਿਆਂ ਵਿਚ ਨਬੀਆਂ ਦੇ ਰਾਹੀਂ ਸਾਡੇ ਨਾਲ ... ਗੱਲ ਕੀਤੀ ਸੀ। ਇਨ੍ਹਾਂ ਦਿਨਾਂ ਦੇ ਅੰਤ ਵਿਚ ਸਾਡੇ ਨਾਲ ਪੁੱਤਰ ਦੇ ਰਾਹੀਂ ਗੱਲ ਕੀਤੀ ਜਿਹਨੂੰ ਉਸਨੇ ਸਭਨਾਂ ਵਸਤਾਂ ਦਾ ਵਾਰਸ ਬਣਾਇਆ ਅਤੇ ਓਸੇ ਦੇ ਵਸੀਲੇ ਉਹਨੇ ਜਹਾਨ ਵੀ ਰਚੇ (ਇਬਰਾਨੀਆਂ 1:1, 2)।

> ਆਦਿ ਵਿਚ ਸ਼ਬਦ ਸੀ ਅਤੇ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ। ਇਹੋ ਆਦਿ ਵਿਚ ਪਰਮੇਸ਼ੁਰ ਦੇ ਸੰਗ ਸੀ। ਸੱਭੋ ਕੁਝ ਉਸ ਤੋਂ ਰਚਿਆ ਗਿਆ ... ਉਸ ਵਿਚ ਜੀਉਣ ਸੀ ਅਤੇ ਉਹ ਜੀਉਣ ਇਨਸਾਨ ਦਾ ਚਾਨਣ ਸੀ (ਯੂਹੰਨਾ 1:1-4)।